**Distribution of Free Vegetable Seed Kits among Farmers**

The Department of Agriculture, Sri Guru Teg Bahadur Khalsa College, Sri Anandpur Sahib organised an Event "Distribution of free vegetable seed Kits among Farmers" on 2nd November, 2021.The activity was carried out under Unnat Bharat Abhiyan in collaboration with Horticulture Department (Punjab Government). Farmers were participated from different villages like Agampur, Bassowal, Majara, Kalota and Mataur.Prof. Kamal Kumar (Coordinator, Unnat Bharat Abhiyan) shared information with the farmers about the cultivation of different types of vegetables and also create awareness about organic farming. Principal, Dr. Jasvir Singh applauded this effort to create awareness about new crops can be included in the crop cycle which can increase their Economic Returns. Desh Raj and Rupinderpal Singh were also present on the occasion.

## ਖਾਲਸਾ ਕਾਲਜ ਦੇ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਵੰਡੀਆਂ ਗਈਆਂ ਮੁਫਤ ਬੀਜ ਕਿੱਟਾਂ

**ਇਹ ਬੀਜ ਕਿੱਟਾਂ ਬਾਗਬਾਨੀ ਵਿਭਾਗ (ਪੰਜਾਬ ਸਰਕਾਰ) ਦੇ ਸਹਿਯੋਗ ਨਾਲ ਵੰਡੀਆਂ ਗਈਆਂ**



ਸ਼੍ਰੀ ਅਨੰਦਪੁਰ ਸਾਹਿਬ 02 ਨਵੰਬਰ (ਜੋਗਿੰਦਰ ਰਾਣਾ ) ਸਥਾਨਕ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਦੇ ਖੇਤੀਬਾੜੀ ਵਿਭਾਗ ਵੱਲੋਂ ਬਾਗਬਾਨੀ ਵਿਭਾਗ (ਪੰਜਾਬ ਸਰਕਾਰ) ਦੇ ਸਹਿਯੋਗ ਨਾਲ ('ਉੱਨਤ ਭਾਰਤ ਅਭਿਆਨ ਤਹਿਤ') ਮੁਫਤ ਸਬਜ਼ੀ ਬੀਜ ਕਿੱਟਾਂ ਵੰਡੀਆਂ ਗਈਆਂ ।ਜਿਸ ਵਿੱਚ ਅਗੰਮਪੁਰ, ਬਾਸੋਵਾਲ, ਮਜਾਰਾ, ਕਲੋਤਾ ਅਤੇ ਮਟੌਰ ਆਦਿ ਪਿੰਡਾਂ ਦੇ ਕਿਸਾਨਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਸੰਬੰਧੀ ਕਾਲਜ ਪ੍ਰਿੰਸੀਪਲ ਡਾ.ਜਸਵੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਸਾਨ ਕਿਸ ਤਰ੍ਹਾਂ ਨਵੀਆਂ ਫਸਲਾਂ ਨੂੰ ਫਸਲ ਚੱਕਰ ਵਿੱਚ ਸ਼ਾਮਿਲ ਕਰ ਸਕਦੇ ਹਨ ਜਿਸ ਨਾਲ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਹੋ ਸਕੇ। ਇਸ ਦੌਰਾਨ ਪ੍ਰੋ.ਕਮਲ ਕੁਮਾਰ (ਕੋਆਰਡੀਨੇਟਰ ਉੱਨਤ ਭਾਰਤ ਅਭਿਆਨ) ਵੱਲੋਂ ਕਿਸਾਨਾਂ ਨਾਲ਼ ਵਿਭਿੰਨ ਪ੍ਰਕਾਰ ਦੀਆਂ ਸਬਜੀਆਂ ਦੀ ਕਾਸ਼ਤ ਬਾਰੇ ਜਾਣਕਾਰੀ ਸਾਂਝੀ ਕੀਤੀ ਉਨ੍ਹਾਂ ਜੈਵਿਕ ਖੇਤੀ ਬਾਰੇ ਵੀ ਕਿਸਾਨਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਸ਼੍ਰੀ ਦੇਸ ਰਾਜ ਅਤੇ ਰਜਿੰਦਰਪਾਲ ਸਿੰਘ ਵੀ ਉੱਥੇ ਹਾਜ਼ਰ ਸਨ।